# ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896


ਵੱਲ

ਸਮੂਹ ਸਕੂਲ ਮੁੱਖੀ,

ਸ.ਸ.ਸ./ਸ.ਹ.ਸ./ਸਮਿਸ ਸਕੂਲ,

ਜ਼ਿਲ੍ਹਾ ਅੰਮ੍ਰਿਤਸਰ।

ਨੰ : ਆਈ ਸੀ ਟੀ/ ਅੰਮ੍ਰਿਤਸਰ/2016/ 23902 ਮਿਤੀ : 11-07-2016

**ਵਿਸ਼ਾ :- ਸਕੂਲਾਂ ਵਿੱਚ ਆਨ ਲਾਈਨ ਕੰਮ ਦੀ ਵੰਡ ਅਤੇ ਈ-ਪੰਜਾਬ ਤੇ ਜੋੜੇ ਗਏ ਪ੍ਰਾਇਮਰੀ/ਮਿਡਲ/ਹਾਈ/ਸੈਕੰਡਰੀ ਸਕੂਲਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਆਨ ਲਾਈਨ ਕੰਮ (ਜਿਵੇਂ ਈ-ਪੰਜਾਬ,ਪੰਜਾਬ ਸਕੂਲ ਸਿਖਿਆ ਬੋਰਡ ਦੀ ਰਜਿਸਟ੍ਰੈਸ਼ਨ/ ਕੰਟੀਨਿਊਸ਼ਨ, ਰਿਜਲਟ, ਸੀ.ਸੀ.ਈ., ਵਜੀਫੇ/ ਦਫਤਰੀ ਡਾਕ ਆਦਿ) ਦੀ ਵੰਡ ਸਾਰੇ ਅਧਿਆਪਕਾਂ ਵਿੱਚ ਉਨ੍ਹਾ ਦੇ ਵਿਦਿਅਕ ਕੰਮਾਂ ਦੇ ਲੋਡ ਨੂੰ ਦੇਖਦੇ ਹੋਏ ਕੀਤੀ ਜਾਵੇ। ਪੰਜਾਬ ਸਕੂਲ ਸਿਖਿਆ ਬੋਰਡ ਦੀ ਰਜਿਸਟ੍ਰੈਸ਼ਨ/ ਕੰਟੀਨਿਊਸ਼ਨ/ ਰਿਜਲਟ/ ਸੀ.ਸੀ.ਏ/ ਵਜੀਫੇ/ ਦਫਤਰੀ ਡਾਕ ਦੇ ਸਬੰਧ ਵਿੱਚ ਪੂਰਨ ਜਿੰਮੇਵਾਰੀ ਸਬੰਧਤ ਜਮਾਤ ਇੰਜਾਰਜ਼ ਦੀ ਹੋਵੇਗੀ।ਬਿਹਤਰ ਹੋਵੇਗਾ ਜੇਕਰ ਹਰ ਇੱਕ ਜਮਾਤ ਇੰਚਾਰਜ਼ ਆਪਣੀ-2 ਪੈੱਨ ਡਰਾਈਵ ਵਿੱਚ ਜਮਾਤ ਵਿੱਚ ਪੜਦੇ ਸਾਰੇ ਬੱਚਿਆਂ ਦੇ ਵੇਰਵੇ ਅਪਲੋਡ ਕਰਕੇ ਰੱਖੇ ਤਾਂ ਕਿ ਲੋੜ ਪੈਣ ਤੇ ਕਿਸੇ ਵੇਲੇ ਵੀ ਡਾਟਾ ਉਪਲਬਧ ਕਰਾਇਆ ਜਾ ਸਕੇ। ਪੰਜਾਬ ਸਕੂਲ ਸਿਖਿਆ ਬੋਰਡ ਦੀ ਰਜਿਸਟ੍ਰੈਸ਼ਨ/ ਕੰਟੀਨਿਊਸ਼ਨ /ਰਿਜਲਟ/ਸੀ.ਸੀ.ਈ./ਵਜੀਫੇ/ਦਫਤਰੀ ਡਾਕ ਸਬੰਧੀ ਜੇਕਰ ਜਰੂਰਤ ਹੋਏ ਤਾਂ ਕੰਪਿਊਟਰ ਅਧਿਆਪਕਾਂ ਦੀ ਤਕਨੀਕੀ ਸਹਾਇਤਾ ਲਈ ਜਾ ਸਕਦੀ ਹੈ।

ਈ-ਪੰਜਾਬ ਤੇ ਜੋੜੇ ਗਏ ਪ੍ਰਾਇਮਰੀ ਸਕੂਲਾਂ ਦੇ ਈ-ਪੰਜਾਬ ਵੈੱਬਸਾਈਟ ਉੱਪਰ ਕੰਮ ਕਰਨ ਸਬੰਧੀ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿਖਿਆ ਜੀ ਵੱਲੋਂ ਜਾਰੀ ਪੱਤਰ ਮੀਮੋ ਨੰਬਰ: ਸਸਅ/2016-ਐਮ.ਆਈ.ਐਸ ਜਨਰਲ/5733 ਮਿਤੀ 04-03-2016 ਦੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਪ੍ਰਾਇਮਰੀ ਸਕੂਲਾਂ ਦੇ ਈ-ਪੰਜਾਬ ਸਬੰਧੀ ਕੰਮਾਂ ਵਿੱਚ ਸਬੰਧਤ ਪ੍ਰਾਇਮਰੀ ਸਕੂਲਾਂ ਦੇ ਸਕੂਲ ਮੁੱਖੀ/ਇੰਚਾਰਜ਼ ਅਧਿਆਪਕ ਸਹਿਯੋਗ ਦੇਣਗੇ ਅਤੇ ਪੂਰਨ ਰੂਪ ਵਿੱਚ ਜਿੰਮੇਵਾਰੀ ਪ੍ਰਾਇਮਰੀ ਇੰਚਾਰਜ਼ ਦੀ ਹੋਵੇਗੀ ਅਤੇ ਉਨ੍ਹਾ ਦੀ ਮੋਨੀਟਰਿੰਗ ਕਰਦੇ ਹੋਏ ਉੱਕਤ ਕੰਮਾਂ ਨੂੰ ਸਹੀ ਸਮੇ ਨੇਪਰੇ ਚੜਾਉਣਗੇ।

**ਜਿਲ੍ਹਾ ਸਿਖਿਆ ਅਫਸਰ (ਸੈ:ਸਿ)**
**ਅੰਮ੍ਰਿਤਸਰ**

11/7/2016